"ਯਥਾਰਥ ਨਿਸ਼ਚੇ ਦੇ ਫਾਊਂਡੇਸ਼ਨ ਦਵਾਰਾ ਸੰਪੂਰਨ ਪਵਿੱਤਰਤਾ ਦੀ ਧਾਰਨਾ ਕਰੋ"

ਅੱਜ ਬਾਪਦਾਦਾ ਦੇਸ਼ - ਵਿਦੇਸ਼ ਦੇ ਚਾਰੋਂ ਪਾਸੇ ਦੇ ਨਵੇਂ - ਨਵੇਂ ਬੱਚਿਆਂ ਨੂੰ ਦੇਖ ਰਹੇ ਸਨ। ਭਾਵੇਂ ਮਧੂਬਨ ਵਿੱਚ ਸਾਕਾਰ ਰੂਪ ਵਿੱਚ ਆਏ ਹਨ। ਭਾਵੇਂ ਆਕਾਰ ਰੂਪ ਵਿੱਚ ਆਪਣੇ - ਆਪਣੇ ਸੇਵਾ - ਸਥਾਨ ਵਿੱਚ ਆਏ ਹੋਏ ਹਨ, ਤਾਂ ਨਵੇਂ - ਨਵਿਆਂ ਨੂੰ ਦੇਖ ਬਾਪਦਾਦਾ ਸਭ ਦੇ ਨਿਸ਼ਚੇ ਨੂੰ ਦੇਖ ਰਹੇ ਸਨ ਕਿਉਂਕਿ ਨਿਸ਼ਚੇ ਇਸ ਬ੍ਰਾਹਮਣ ਜੀਵਨ ਦੇ ਸੰਪੰਨਤਾ ਦਾ ਫਾਊਂਡੇਸ਼ਨ ਹੈ ਅਤੇ ਫਾਊਂਡੇਸ਼ਨ ਮਜਬੂਤ ਹੈ ਤਾਂ ਸਹਿਜ ਅਤੇ ਤੀਵ੍ਰ ਗਤੀ ਨਾਲ ਸੰਪੂਰਨਤਾ ਤੱਕ ਪਹੁੰਚਣਾ ਨਿਸ਼ਚਿਤ ਹੈ। ਤਾਂ ਬਾਪਦਾਦਾ ਦੇਖ ਰਹੇ ਸਨ ਕਿ ਨਿਸ਼ਚੇ ਵੀ ਵੱਖ - ਵੱਖ ਤਰ੍ਹਾਂ ਦਾ ਹੈ। ਜੋ ਪੱਕਾ ਨਿਸ਼ਚੇ ਹੈ ਕਿ ਮੈਂ ਪਰਮਾਤਮਾ ਬਾਪ ਦਾ ਬਣ ਗਿਆ, ਖੁਦ ਨੂੰ ਵੀ ਆਤਮ ਸਵਰੂਪ ਵਿੱਚ ਜਾਨਣਾ, ਮੰਨਣਾ, ਚਲਣਾ ਅਤੇ ਬਾਪ ਨੂੰ ਵੀ ਜੋ ਹੈ ਉਵੇਂ ਜਾਨਣਾ - ਇਹ ਹੈ ਪੱਕਾ ਨਿਸ਼ਚੇ।

ਦੂਸਰਾ ਨਿਸ਼ਚੇ ਹੈ - ਯੋਗ ਦਵਾਰਾ ਥੋੜ੍ਹੇ ਸਮੇਂ ਦੇ ਲਈ ਅਸ਼ਾਂਤੀ ਵਿੱਚ ਸ਼ਾਂਤੀ ਦਾ ਅਨੁਭਵ ਕਰਦੇ ਹਨ ਅਤੇ ਸਥਾਨ ਦਾ ਸ਼ਕਤੀਸ਼ਾਲੀ ਸ਼ਾਂਤ ਵਾਯੂਮੰਡਲ ਆਕਰਸ਼ਿਤ ਕਰਦਾ ਹੈ ਜਾਂ ਬ੍ਰਾਹਮਣ ਪਰਿਵਾਰ, ਬ੍ਰਾਹਮਣ ਆਤਮਾਵਾਂ ਦਾ ਆਤਮਿਕ ਪਿਆਰ ਅਤੇ ਪਵਿੱਤਰਤਾ ਦੀ ਜੀਵਨ ਦਾ ਪ੍ਰਭਾਵ ਪੈਂਦਾ ਹੈ, ਕੰਪਨੀ ਚੰਗੀ ਲੱਗਦੀ ਹੈ, ਦੁਨੀਆਂ ਦੇ ਵਾਯੂਮੰਡਲ ਦੇ ਕੰਟ੍ਰਾਸਟ ਵਿੱਚ ਇਹ ਸੰਗ ਚੰਗਾ ਲੱਗਦਾ ਹੈ, ਗਿਆਨ ਵੀ ਚੰਗਾ, ਪਰਿਵਾਰ ਵੀ ਚੰਗਾ, ਵਾਯੂਮੰਡਲ ਵੀ ਚੰਗਾ... ਤਾਂ ਉਹ ਚੰਗਾ ਲੱਗਣਾ, ਉਸ ਫਾਊਂਡੇਸ਼ਨ ਦੇ ਆਧਾਰ ਤੇ ਚੱਲਦੇ ਰਹਿੰਦੇ ਹਨ। ਇਹ ਹੈ ਦੂਸਰਾ ਨੰਬਰ। ਪਹਿਲਾ ਨੰਬਰ ਸੁਣਾਇਆ 'ਅਸਲ ਨਿਸ਼ਚੇ' ਅਤੇ ਦੂਸਰਾ ਨੰਬਰ 'ਚੰਗਾ ਲਗਦਾ ਹੈ' ਅਤੇ ਤੀਸਰਾ ਨੰਬਰ - ਦੁਨੀਆਂ ਦੇ ਸੰਬੰਧੀਆ ਦੇ ਦੁਖਮਯ ਵਾਤਾਵਰਨ ਤੋਂ ਬਚਕੇ ਜਿਨਾਂ ਸਮੇਂ ਵੀ ਸੇਵਾਕੇਂਦਰ ਤੇ ਆਉਂਦੇ ਹਨ ਓਨਾ ਸਮਾਂ ਦੁੱਖ ਤੋਂ ਕਿਨਾਰਾ ਹੋਕੇ ਸ਼ਾਂਤੀ ਦਾ ਅਨੁਭਵ ਕਰਦੇ ਹਨ। ਗਿਆਨ ਦੀ ਗੁਹਤਾ ਵਿੱਚ ਨਹੀਂ ਜਾਣਗੇ ਲੇਕਿਨ ਸ਼ਾਂਤੀ ਦੀ ਪ੍ਰਾਪਤੀ ਦੇ ਕਾਰਣ ਕਦੀ ਆਉਂਦੇ ਹਨ ਅਤੇ ਕਦੀ ਨਹੀਂ ਵੀ ਆਉਂਦੇ ਹਨ। ਪਰ ਪੱਕੇ ਨਿਸ਼ਚੇ ਬੁੱਧੀ ਵਿਜੇਈ ਹੁੰਦੇ ਹਨ। ਅਤੇ ਦੇਖਿਆ ਜਾਂਦਾ ਹੈ ਕਿ ਜਦੋਂ ਸ਼ੁਰੂ - ਸ਼ੁਰੂ ਵਿੱਚ ਆਉਂਦੇ ਹਨ ਤਾਂ ਅਸ਼ਾਂਤੀ ਤੋਂ ਤੰਗ ਹੁੰਦੇ ਹਨ, ਸ਼ਾਂਤੀ ਦੇ ਇੱਛੁਕ ਹੁੰਦੇ ਹਨ। ਤਾਂ ਜਿਵੇਂ ਪਿਆਸੇ ਨੂੰ ਇੱਕ ਬੂੰਦ ਵੀ ਜੇਕਰ ਪਾਣੀ ਦੀ ਮਿਲ ਜਾਏ ਤਾਂ ਉਹ ਬਹੁਤ ਵੱਡੀ ਗੱਲ ਅਨੁਭਵ ਕਰਦਾ ਹੈ। ਤਾਂ ਅਪ੍ਰਾਪਤੀ ਤੋਂ ਪ੍ਰਾਪਤੀ ਹੁੰਦੀ ਹੈ, ਪਰਿਵਾਰ ਵਿੱਚ, ਗਿਆਨ ਵਿੱਚ, ਯੋਗ ਵਿੱਚ, ਵਾਯੂਮੰਡਲ ਵਿੱਚ ਅੰਤਰ ਦਿਖਾਈ ਦਿੰਦਾ ਹੈ। ਤਾਂ ਪਹਿਲਾ ਸਮਾਂ ਬਹੁਤ ਚੰਗੇ ਉਮੰਗ - ਉਤਸ਼ਾਹ ਨਾਲ ਚੱਲਦੇ ਹਨ, ਬਹੁਤ ਨਸ਼ਾ ਰਹਿੰਦਾ ਹੈ, ਖੁਸ਼ੀ ਵੀ ਹੁੰਦੀ ਹੈ। ਪਰ ਜੇਕਰ ਪਹਿਲੇ ਨੰਬਰ ਦੇ ਪੂਰੇ ਨਿਸ਼ਚੇ ਦਾ ਫਾਊਂਡੇਸ਼ਨ ਪੱਕਾ ਨਹੀਂ ਹੈ, ਦੂਸਰੇ ਅਤੇ ਤੀਸਰੇ ਨੰਬਰ ਦਾ ਨਿਸ਼ਚੇ ਹੈ ਤਾਂ ਹੌਲੀ - ਹੌਲੀ ਜੋ ਸ਼ੁਰੂ ਦੀ ਖੁਸ਼ੀ, ਸ਼ੁਰੂ ਦਾ ਜੋਸ਼ ਹੈ, ਉਸ ਵਿੱਚ ਫ਼ਰਕ ਆ ਜਾਂਦਾ ਹੈ। ਇਸ ਸੀਜ਼ਨ ਵਿੱਚ ਨਵੇਂ - ਨਵੇਂ ਬਹੁਤ ਆਏ ਹਨ ਅਤੇ ਚਾਂਸ ਵੀ ਮਿਲਿਆ ਹੈ, ਇਹ ਤਾਂ ਬਹੁਤ ਚੰਗਾ ਹੈ। ਬਾਪਦਾਦਾ ਨੂੰ ਵੀ ਨਵੇਂ - ਨਵੇਂ ਬੱਚਿਆਂ ਨੂੰ ਦੇਖ ਖੁਸ਼ੀ ਹੁੰਦੀ ਹੈ ਕਿ ਇਹ ਫਿਰ ਤੋਂ ਆਪਣੇ ਪਰਿਵਾਰ ਵਿੱਚ ਪਹੁੰਚ ਗਏ ਹਨ। ਪਰ ਇਹ ਚੈਕ ਕਰੋ ਕਿ ਨਿਸ਼ਚੇ ਦਾ ਫਾਊਂਡੇਸ਼ਨ ਪੱਕਾ ਹੈ? ਸਾਡਾ ਨਿਸ਼ਚੇ ਨੰਬਰਵਨ ਹੈ ਜਾਂ ਨੰਬਰ ਟੂ ਹੈ? ਜੇਕਰ ਨੰਬਰਵਨ ਨਿਸ਼ਚੇ ਹੈ ਤਾਂ ਚੱਲਦੇ - ਚੱਲਦੇ ਮੁਖ ਪਵਿੱਤਰਤਾ ਧਰਨ ਕਰਨ ਵਿੱਚ ਮੁਸ਼ਕਿਲ ਨਹੀਂ ਲੱਗੇਗਾ। ਜੇਕਰ ਪਵਿੱਤਰਤਾ ਸੁਪਨੇ ਮਾਤਰ ਵੀ ਹਿਲਦੀ ਹੈ, ਹਲਚਲ ਵਿੱਚ ਆਉਂਦੀ ਹੈ, ਤਾਂ ਸਮਝੋ ਨੰਬਰਵਨ ਫਾਊਂਡੇਸ਼ਨ ਕੱਚਾ ਹੈ ਕਿਉਂਕੀ ਆਤਮਾ ਦਾ ਸਵਧਰਮ ਪਵਿੱਤਰਤਾ ਹੈ। ਅਪਵਿਤ੍ਰਤਾ ਪਰਮਧਰਮ ਹੈ ਅਤੇ ਪਵਿੱਤਰਤਾ ਸਵਧਰਮ ਹੈ। ਜੋ ਜਦੋਂ ਸਵਧਰਮ ਦਾ ਨਿਸ਼ਚੇ ਹੋ ਗਿਆ ਤਾਂ ਪਰਧਰਮ ਹਿਲਾ ਨਹੀਂ ਸਕਦਾ। ਕਈ ਬੱਚੇ ਕਹਿੰਦੇ ਹਨ ਕਿ ਪਹਿਲੇ ਤਾਂ ਬਹੁਤ ਚੰਗੇ ਆਉਂਦੇ ਸਨ, ਹੁਣ ਪਤਾ ਨਹੀਂ ਕੀ ਹੋ ਗਿਆ? ਤਾਂ ਕੀ ਹੋ ਜਾਂਦਾ ਹੈ ਕਿ ਬਾਪ ਜੋ ਹੈ, ਜਿਵੇਂ ਹੈ, ਉਵੇ ਅਨੁਭਵ ਵਿੱਚ ਨਹੀਂ ਲਿਆਉਂਦੇ। ਜੇਕਰ ਪੁੱਛਣਗੇ ਕਿ ਬਾਪ ਨਾਲ ਹੈ? ਤਾਂ ਹੱਥ ਸਭ ਉਠਾਉਣਗੇ। ਹੱਥ ਉਠਾਉਣਾ ਤਾਂ ਬਹੁਤ ਸਹਿਜ ਹੈ। ਪਰ ਬਾਪ ਨਾਲ ਹੈ ਤਾਂ ਬਾਪ ਦੀ ਪਹਿਲੀ - ਪਹਿਲੀ ਜੋ ਮਹਿਮਾ ਕਰਦੇ ਹੋ ਕਿ ਉਹ ਸ੍ਰਵਸ਼ਕਤੀਮਾਨ ਹਨ - ਇਹ ਮੰਨਦੇ ਹੋ ਜਾਂ ਸਿਰਫ਼ ਜਾਣਦੇ ਹੋ? ਤਾਂ ਜਦੋਂ ਸਰਵਸ਼ਕਤੀਮਾਨ ਬਾਪ ਨਾਲ ਹੈ ਤਾਂ ਸ੍ਰਵਸ਼ਕਤੀਮਾਨ ਦੇ ਅੱਗੇ ਅਪਵਿਤ੍ਰਤਾ ਆ ਸਕਦੀ ਹੈ? ਨਹੀਂ ਆ ਸਕਦੀ। ਪਰ ਆਉਂਦੀ ਤਾਂ ਹੈ! ਤਾਂ ਆਉਂਦੀ ਫਿਰ ਕਿਥੋਂ ਤੋਂ ਹੈ? ਕੋਈ ਹੋਰ ਜਗ੍ਹਾ ਹੈ? ਚੋਰ ਲੋਕ ਜੋ ਹੁੰਦੇ ਹਨ ਉਹ ਆਪਣਾ ਸੋਸ਼ਲ ਗੇਟ ਬਣਾ ਲੈਂਦੇ ਹਨ। ਚੋਰ ਗੇਟ ਹੁੰਦਾ ਹੈ। ਤਾਂ ਤੁਹਾਡੇ ਕੋਲ ਕੁਝ ਵੀ ਛਿਪਿਆ ਹੋਇਆ ਚੋਰ ਗੇਟ ਤੇ ਨਹੀਂ ਹੈ? ਚੈਕ ਕਰੋ। ਨਹੀਂ ਤਾਂ ਮਾਇਆ ਆਈ ਕਿਥੋਂ ਤੋਂ? ਉਪਰ ਤੋਂ ਆ ਗਈ? ਜੇਕਰ ਉੱਪਰ ਤੋਂ ਵੀ ਆ ਗਈ ਤਾਂ ਉਪਰ ਹੀ ਖ਼ਤਮ ਹੋ ਜਾਣੀ ਚਾਹੀਦੀ ਹੈ। ਕੋਈ ਛਿਪੇ ਹੋਏ ਗੇਟ ਤੋਂ ਆਉਂਦੀ ਹੈ ਜੋ ਤੁਹਾਨੂੰ ਪਤਾ ਨਹੀਂ ਲੱਗਦਾ ਹੈ ਤਾਂ ਚੈਕ ਕਰੋ ਕਿ ਮਾਇਆ ਨੇ ਕੋਈ ਚੋਰ ਗੇਟ ਤਾਂ ਨਹੀਂ ਬਣਾਕੇ ਰੱਖਿਆ ਹੈ? ਅਤੇ ਗੇਟ ਬਣਦੇ ਵੀ ਕਿਵੇਂ ਹਨ, ਪਤਾ ਹੈ? ਤੁਹਾਡੇ ਜੋ ਵਿਸ਼ੇਸ਼ ਸੁਭਾਵ ਜਾਂ ਸੰਸਕਾਰ ਕਮਜ਼ੋਰ ਹੋਣਗੇ ਨਾ ਤਾਂ ਉੱਥੇ ਹੀ ਮਾਇਆ ਆਪਣਾ ਗੇਟ ਬਣਾ ਦਿੰਦੀ ਹੈ ਕਿਉਂਕਿ ਜਦੋਂ ਕੋਈ ਵੀ ਸੁਭਾਵ ਜਾਂ ਸੰਸਕਾਰ ਕਮਜ਼ੋਰ ਹੈ ਤਾਂ ਤੁਸੀਂ ਕਿੰਨਾ ਵੀ ਗੇਟ ਬੰਦ ਕਰੋ ਪਰ ਕਮਜ਼ੋਰ ਗੇਟ ਹੈ, ਤਾਂ ਮਾਇਆ ਤਾਂ ਜਾਨੀ - ਜਾਨੀਨਹਾਰ ਹੈ, ਉਸਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਗੇਟ ਕਮਜ਼ੋਰ ਹੈ, ਇਸ ਤੋਂ ਰਸਤਾ ਮਿਲ ਸਕਦਾ ਹੈ ਅਤੇ ਮਿਲਦਾ ਵੀ ਹੈ। ਚੱਲਦੇ - ਚੱਲਦੇ ਅਪਵਿਤ੍ਰਤਾ ਦੇ ਸੰਕਲਪ ਵੀ ਆਉਂਦੇ ਹਨ, ਬੋਲ ਵੀ ਹੁੰਦਾ, ਕਰਮ ਵੀ ਹੋ ਜਾਂਦਾ ਹੈ। ਤਾਂ ਗੇਟ ਖੁਲਿਆ ਹੋਇਆ ਹੈ ਨਾ, ਤਾਂ ਹੀ ਤੇ ਮਾਇਆ ਆਈ। ਫਿਰ ਨਾਲ ਕਿਵੇਂ ਹੋਇਆ? ਕਹਿਣ ਵਿੱਚ ਤਾਂ ਕਹਿੰਦੇ ਹੋ ਕਿ ਸਰਵਸ਼ਕਤੀਮਾਨ ਨਾਲ ਹੈ ਤਾਂ ਇਹ ਕਮਜ਼ੋਰੀ

ਫਿਰ ਕਿਥੋਂ ਤੋਂ ਆਈ? ਕਮਜ਼ੋਰੀ ਰਹਿ ਸਕਦੀ ਹੈ? ਨਹੀਂ ਨਾ? ਤਾਂ ਕਿਉਂ ਰਹਿ ਜਾਂਦੀ ਹੈ? ਭਾਵੇਂ ਅਪਵਿੱਤ੍ਰਤਾ ਵਿੱਚ ਕੋਈ ਵੀ ਵਿਕਾਰ ਹੋਵੇ, ਮਤਲਬ ਲੋਭ ਹੈ, ਲੋਭ ਸਿਰਫ਼ ਖਾਣ - ਪੀਣ ਦਾ ਨਹੀਂ ਹੁੰਦਾ। ਕਈ ਸਮਝਦੇ ਹਨ ਸਾਡੇ ਵਿੱਚ ਪਹਿਨਣ, ਖਾਣ ਜਾਂ ਰਹਿਣ ਦਾ ਇਵੇਂ ਦਾ ਕੋਈ ਆਕਰਸ਼ਣ ਨਹੀਂ ਹੈ, ਜੋ ਮਿਲਦਾ ਹੈ, ਜੋ ਬਣਦਾ ਹੈ, ਉਸ ਵਿੱਚ ਚੱਲਦੇ ਹਨ। ਪਰ ਜਿਵੇਂ ਅੱਗੇ ਵੱਧਦੇ ਹਨ ਤਾਂ ਮਾਇਆ ਲੋਭ ਵੀ ਰਾਇਲ ਅਤੇ ਸੂਖਸ਼ਮ ਰੂਪ ਵਿੱਚ ਲਿਆਉਂਦੀ ਹੈ। ਉਹ ਰਾਇਲ ਲੋਭ ਕੀ ਹੈ? ਭਾਵੇਂ ਸਟੂਡੈਂਟ ਹੋਣ, ਭਾਵੇਂ ਟੀਚਰ ਹੋਣ, ਮਾਇਆ ਦੋਵਾਂ ਵਿੱਚ ਰਾਇਲ ਲੋਭ ਲਿਆਉਣ ਦਾ ਫੁੱਲ ਪੁਰਸ਼ਾਰਥ ਕਰਦੀ ਹੈ। ਮਤਲਬ ਸਟੂਡੈਂਟ ਹਨ, ਬਹੁਤ ਵਧੀਆ ਨਿਸ਼ਚੇਬੁੱਧੀ, ਸੇਵਾਧਾਰੀ ਹਨ, ਸਭਤੋਂ ਚੰਗਾ ਹੈ ਪਰ ਜਦੋਂ ਕੋਈ ਅੱਗੇ ਵੱਧਦਾ ਹੈ ਤਾਂ ਇਹ ਰਾਇਲ ਲੋਭ ਆਉਂਦਾ ਹੈ ਕਿ ਮੈਂ ਇਨਾਂ ਕੁਝ ਕਰਦਾ ਹਾਂ, ਸਭ ਰੂਪ (ਤਰ੍ਹਾਂ) ਨਾਲ ਮਦਦਗਾਰ ਹਾਂ, ਤਨ ਨਾਲ, ਮਨ ਨਾਲ, ਧਨ ਨਾਲ ਅਤੇ ਜਿਸ ਸਮੇਂ ਚਾਹੀਦਾ ਹੈ ਉਸ ਸਮੇਂ ਸੇਵਾ ਵਿੱਚ ਹਾਜ਼ਿਰ ਹੋ ਜਾਂਦਾ ਹਾਂ ਫਿਰ ਵੀ ਮੇਰਾ ਨਾਮ ਕਦੀ ਵੀ ਟੀਚਰ ਵਰਨਣ ਨਹੀਂ ਕਰਦੀ ਕਿ ਇਹ ਜਿਗਿਆਸੂ ਬਹੁਤ ਵਧੀਆ ਹੈ। ਜੇਕਰ ਜਿਵੇਂ ਇਹ ਵੀ ਨਹੀਂ ਆਏ ਤਾਂ ਫਿਰ ਦੂਸਰਾ ਰੂਪ ਕੀ ਹੁੰਦਾ ਹੈ? ਅੱਛਾ, ਨਾਮ ਵੀ ਲੈ ਲਿਆ ਤਾਂ ਨਾਮ ਸੁਣਦੇ - ਸੁਣਦੇ - ਮੈਂ ਹੀ ਹਾਂ, ਮੈਂ ਹੀ ਕਰਦਾ ਹਾਂ, ਮੈਂ ਹੀ ਕਰ ਸਕਦਾ ਹਾਂ, ਉਹ ਅਭਿਮਾਨ ਦੇ ਰੂਪ ਵਿੱਚ ਆ ਜਾਏਗਾ। ਜਾਂ ਬਹੁਤ ਕੰਮ ਕਰਦੇ ਆਏ ਅਤੇ ਕਿਸੇ ਨੇ ਤੁਹਾਨੂੰ ਪੁੱਛਿਆ ਵੀ ਨਹੀਂ, ਇੱਕ ਗਿਲਾਸ ਪਾਣੀ ਵੀ ਨਹੀਂ ਪਿਲਾਇਆ, ਦੇਖਿਆ ਹੀ ਨਹੀਂ, ਆਪਣੇ ਆਰਾਮ ਵਿੱਚ ਜਾਂ ਆਪਣੇ ਹੀ ਕੰਮ ਵਿੱਚ ਬਿਜ਼ੀ ਰਹੇ, ਤਾਂ ਇਹ ਵੀ ਆਉਂਦਾ ਹੈ ਕਿ ਕਰੋ ਵੀ ਤੇ ਪੁੱਛੇ ਵੀ ਕੋਈ ਨਹੀਂ। ਤਾਂ ਕਰਨਾ ਹੀ ਕੀ ਹੈ, ਕਰਨਾ ਜਾਂ ਨਾ ਕਰਨਾ ਇੱਕ ਹੀ ਗੱਲ ਹੈ। ਪੁੱਛਣ ਵਾਲਾ ਤਾਂ ਕੋਈ ਹੈ ਨਹੀਂ, ਇਸ ਵਿੱਚ ਆਰਾਮ ਨਾਲ ਘਰ ਵਿੱਚ ਬੈਠੋ, ਜਦੋਂ ਹੋਵੇਗਾ ਉਦੋਂ ਸੇਵਾ ਕਰਾਂਗੇ। ਤਾਂ ਵੱਖ - ਵੱਖ ਤਰ੍ਹਾਂ ਦੇ ਵਿਕਾਰਾਂ ਦੇ ਰਾਇਲ ਰੂਪ ਆਉਂਦਾ ਹਾਂ। ਅਤੇ ਇੱਕ ਵੀ ਵਿਕਾਰ ਆ ਗਿਆ ਨਾ, ਸਮਝੋ ਲੋਭ ਨਹੀਂ ਆਇਆ ਪਰ ਅਭਿਮਾਨ ਆ ਗਿਆ ਜਾਂ ਆਪਣੇ ਮੰਨਣ ਤੱਕ ਦਾ, ਸਾਡੀ ਮਾਨਤਾ ਹੋਵੇ - ਉਸਦਾ ਭਾਨ ਆ ਗਿਆ ਤਾਂ ਜਿੱਥੇ ਇਕ ਵਿਕਾਰ ਹੁੰਦਾ ਹੈ ਉੱਥੇ ਉਹਨਾਂ ਦੇ ਚਾਰ ਸਾਥੀ ਛਿਪੇ ਹੋਏ ਰੂਪ ਵਿੱਚ ਹੁੰਦੇ ਹਨ। ਅਤੇ ਇੱਕ ਨੂੰ ਤੁਸੀਂ ਚਾਂਸ ਦੇ ਦਿੱਤਾ ਤਾਂ ਉਹ ਛਿਪੇ ਹੋਏ ਜੋ ਹਨ ਉਹ ਵੀ ਸਮੇਂ ਪ੍ਰਮਾਣ ਆਪਣਾ ਚਾਂਸ ਲੈਂਦੇ ਰਹਿੰਦੇ ਹਨ। ਫਿਰ ਕਹਿੰਦੇ ਹਨ ਕਿ ਪਹਿਲੇ ਵਰਗਾ ਨਸ਼ਾ ਹੁਣ ਨਹੀਂ ਹੈ, ਪਹਿਲੇ ਬਹੁਤ ਵਧੀਆ ਸੀ, ਪਹਿਲੇ ਅਵਸਥਾ ਬੜੀ ਚੰਗੀ ਸੀ, ਹੁਣ ਪਤਾ ਨਹੀਂ ਕੀ ਹੋ ਗਿਆ ਹੈ। ਮਾਇਆ ਚੋਰ ਗੇਟ ਤੋਂ ਆ ਗਈ - ਇਹ ਹੈ ਪਤਾ, ਇਹ ਨਹੀਂ ਕਹੋ ਪਤਾ ਨਹੀਂ।

ਅਤੇ ਟੀਚਰ ਨੂੰ ਵੀ ਆਉਂਦਾ ਹੈ। ਟੀਚਰ ਨੂੰ ਕੀ ਚਾਹੀਦਾ ਹੈ? ਸੈਂਟਰਸ ਚੰਗਾ ਹੋਵੇ, ਕਪੜੇ ਭਲੇ ਕਿਵੇਂ ਵੀ ਹੋਣ ਪਰ ਸੈਂਟਰ ਤੇ ਥੋੜ੍ਹਾ ਰਹਿਣ ਲਾਇਕ ਤੇ ਚੰਗਾ ਹੋਵੇ। ਅਤੇ ਜੋ ਸਾਥੀ ਹੋਵੇ, ਸਟੂਡੈਂਟ ਚੰਗੇ ਹੋਣ, ਬਾਬਾ ਦੀ ਭੰਡਾਰੀ ਚੰਗੀ ਹੋਵੇ। ਜੇਕਰ ਚੰਗਾ ਸਟੂਡੈਂਟ ਚੇਂਜ ਹੋ ਜਾਏ ਤਾਂ ਦਿਲ ਥੋੜ੍ਹਾ ਧੜਕਦੀ ਹੈ। ਫਿਰ ਸਮਝਦੇ ਹਨ ਕਿ ਕੀ ਕਰੀਏ, ਇਹ ਮਦਦਗਾਰ ਸੀ ਨਾ, ਹੁਣ ਉਹ ਚਲਾ ਗਿਆ। ਮਦਦਗਾਰ ਜਿਗਿਆਸੂ ਸੀ ਜਾਂ ਬਾਪ ਹੈ? ਤਾਂ ਉਸ ਸਮੇਂ ਕੌਣ ਦਿਖਾਈ ਦਿੰਦਾ ਹੈ? ਜਿਗਿਆਸੂ ਜਾਂ ਬਾਪ? ਤਾਂ ਇਹ ਰਾਇਲ ਮਾਇਆ ਫਾਉਂਡੇਸ਼ਨ ਨੂੰ ਹਿਲਾਉਣ ਦੀ ਕੋਸ਼ਿਸ਼ ਕਰਦੀ ਹੈ। ਜੇਕਰ ਤੁਹਾਨੂੰ ਨਿਸ਼ਚੇ ਹੈ - ਸਰਵਸ਼ਕਤੀਮਾਨ ਨਾਲ ਹੈ ਤਾਂ ਬਾਪ ਕਿਸੇ ਨਾ ਕਿਸੇ ਨੂੰ ਨਿਮਿਤ ਬਣਾ ਹੀ ਦਿੰਦਾ ਹੈ। ਕਈ ਫਿਰ ਸੋਚਦੇ ਹਨ ਸਾਨੂੰ ਘੱਟ ਤੋਂ ਘੱਟ ਇੱਕ ਵਾਰੀ ਆਬੂ ਦੀ ਕਾਂਨਫ੍ਰੰਸ ਵਿੱਚ ਜਾਂ ਕਿਸੇ ਵੱਡੀ ਕਾਂਨਫ੍ਰੰਸ ਵਿੱਚ ਚਾਂਸ ਮਿਲਣਾ ਚਾਹੀਦਾ ਹੈ, ਚੱਲੋ ਹੋਰ ਨਹੀਂ, ਯੋਗ ਸ਼ਿਵਿਰ ਤਾਂ ਕਰਾ ਲੈਣ, ਇਹ ਵੀ ਤਾਂ ਚਾਂਸ ਹੋਣਾ ਚਾਹੀਦਾ ਹੈ ਨਾ, ਚੱਲੋ ਭਾਸ਼ਣ ਨਹੀਂ ਕਰੀਏ, ਸਟੇਜ ਤੇ ਤਾਂ ਆ ਜਾਵੇ, ਅਖ਼ੀਰ ਵਿਨਾਸ਼ ਹੋ ਜਾਏਗਾ, ਕੀ ਵਿਨਾਸ਼ ਤੱਕ ਵੀ ਸਾਡਾ ਨੰਬਰ ਨਹੀਂ ਆਏਗਾ, ਨੰਬਰ ਤੇ ਆਉਣਾ ਚਾਹੀਦਾ ਹੈ ਨਾ! ਪਰ ਪਹਿਲੇ ਵੀ ਬਾਪਦਾਦਾ ਨੇ ਸੁਣਾਇਆ ਕਿ ਜੇਕਰ ਯੋਗ ਹਨ, ਚਾਂਸ ਮਿਲਦਾ ਹੈ ਤਾਂ ਖੁਸ਼ੀ ਨਾਲ ਕਰੋ ਪਰ ਇਹ ਸੰਕਲਪ ਕਰਨਾ ਕਿ ਸਾਨੂੰ ਚਾਂਸ ਮਿਲਣਾ ਚਾਹੀਦਾ ...ਇਹ ਵੀ ਮੰਗਣਾ ਨਹੀਂ। ਚਾਹੀਦਾ - ਚਾਹੀਦਾ ਇਹ ਹੈ ਰਾਇਲ ਮੰਗਣਾ। ਇਹ ਹੋਣਾ ਚਾਹੀਦਾ... ਇਹ ਸਾਨੂੰ ਪਹਿਚਾਣਦੇ ਨਹੀਂ ਹਨ, ਦਾਦੀ - ਦਾਦੀਆਂ ਵੀ ਸਭ ਨੂੰ ਪਹਿਚਾਣਦੀ ਨਹੀਂ ਹਨ, ਜੋ ਅੱਗੇ ਆਉਂਦੇ ਹਨ ਉਸਨੂੰ ਅੱਗੇ ਕਰ ਲੈਂਦੇ ਹਨ - ਤਾਂ ਇਹ ਸੰਕਲਪ ਆਉਣਾ ਇਹ ਵੀ ਇੱਕ ਸੂਕ੍ਸ਼ਮ ਮੰਗਣਾ ਹੈ। ਪਰ ਬਾਪਦਾਦਾ ਨੇ ਸੁਣਾ ਦਿੱਤਾ ਹੈ ਕਿ ਮੰਨ ਲੋ ਤੁਸੀਂ ਸਟੇਜ ਤੇ ਆ ਗਈ ਜਾਂ ਤੁਹਾਡੀ ਕੋਈ ਵੀ ਵਿਸ਼ੇਸਤਾ ਦੇ ਕਾਰਣ, ਯੋਗ ਨਹੀਂ ਵੀ ਹਨ, ਅਵਸਥਾ ਇੰਨੀ ਵਧੀਆ ਨਹੀਂ ਹੈ ਪਰ ਬੋਲ ਵਿੱਚ, ਕੈਚਿੰਗ ਪਾਵਰ ਵਿੱਚ ਵਿਸ਼ੇਸਤਾ ਹੈ ਤਾਂ ਚਾਂਸ ਮਿਲ ਜਾਂਦਾ ਹੈ, ਕਿਉਂਕਿ ਕਿਸੇ ਦੀ ਵਾਨੀ ਵਿੱਚ ਮਿਠਾਸ ਹੁੰਦਾ ਹੈ, ਸਪਸ਼ਟਤਾ ਹੁੰਦੀ ਹੈ ਅਤੇ ਕੈਚਿੰਗ ਪਾਵਰ ਹੁੰਦੀ ਹੈ ਤਾਂ ਇੱਥੇ ਦੇ ਉੱਥੇ ਦੇ ਮਿਸਾਲ ਵਗੈਰਾ ਕੈਚ ਕਰਕੇ ਸੁਣਾਉਂਦੇ ਹਨ ਇਸਲਈ ਉਹਨਾਂ ਦਾ ਨਾਮ ਵੀ ਹੋ ਜਾਂਦਾ ਹੈ। ਕੌਣ ਚਾਹੀਦਾ ਹੈ? ਫਲਾਣੀ ਚਾਹੀਦੀ। ਕੌਣ ਆਏ? ਫਲਾਣੀ ਆਵੇ, ਭਾਵੇਂ ਯੋਗ ਵਿੱਚ ਕੱਚੀ ਵੀ ਹੋਵੇ... ਤਾਂ ਇਸ ਤੇ ਨੰਬਰ ਫਾਈਨਲ ਨਹੀਂ ਹੋਣੇ ਹਨ। ਜੋ ਫਾਈਨਲ ਨੰਬਰ ਮਿਲਣਗੇ ਉਹ ਇਹ ਨਹੀਂ ਹੋਵੇਗਾ ਕਿ ਇਸ ਨੇ ਕਿੰਨੇ ਭਾਸ਼ਣ ਕੀਤੇ ਜਾਂ ਇਸਨਾਲ ਕਿੰਨੇ ਸਟੂਡੈਂਟ ਅਤੇ ਸੈਂਟਰ ਬਣਾਏ ਹਨ, ਪਰ ਯੋਗ ਕਿੰਨਿਆਂ ਨੂੰ ਬਣਾਇਆ ਹੈ? ਸੈਂਟਰ ਬਣਾਉਣਾ ਵਡੀ ਗੱਲ ਨਹੀਂ ਹੈ ਪਰ ਯੋਗ ਕਿੰਨੀਆਂ ਆਤਮਾਵਾਂ ਨੂੰ ਬਣਾਇਆ ਹੈ? ਨਾਮ ਹੋ ਗਿਆ - 30 ਸੈਂਟਰ ਦੀ ਇੰਚਾਰਜ਼ ਹੈ ਅਤੇ 30 ਵਿੱਚੋ 15 ਹਿਲ ਰਹੇ ਹਨ, 15 ਠੀਕ ਹਨ ਤਾਂ ਫਾਇਦਾ ਹੋਇਆ ਜਾਂ ਸਿਰਫ ਨਾਮ ਹੋਇਆ? ਸਿਰਫ਼ ਨਾਮ ਹੁੰਦਾ ਹੈ ਕਿ ਫਲਾਣੀ ਦੇ 30 ਸੇਵਾਕੇਂਦਰ ਹਨ। ਪਰ ਨੰਬਰ ਇਸ ਨਾਲ ਨਹੀਂ ਮਿਲੇਗਾ। ਫਾਈਨਲ ਨੰਬਰ ਜਿੰਨਿਆਂ ਨੂੰ ਸੁਖ ਦਿੱਤਾ, ਜਿਨਾਂ ਖੁਦ ਸ਼ਕਤੀਸ਼ਾਲੀ ਰਹੇ, ਉਸੀ ਪ੍ਰਮਾਣ ਮਿਲਣਗੇ। ਇਸਲਈ ਇਹ ਵੀ ਚਾਹੀਦਾ - ਚਾਹੀਦਾ ਖ਼ਤਮ ਕਰ ਦਵੋ। ਨਹੀਂ ਤਾਂ ਯੋਗ ਨਹੀਂ ਲੱਗੇਗਾ। ਰੋਜ਼ ਇਹ ਹੀ ਦੇਖਦੇ ਰਹਿਣਗੇ ਕਿ ਫਲਾਣੀ ਜਗ੍ਹਾ ਪ੍ਰੋਗ੍ਰਾਮ ਹੋਇਆ ਮੇਰੇ ਨੂੰ ਫਿਰ ਵੀ ਨਹੀਂ ਬੁਲਾਇਆ, ਹੁਣ ਪਰਸੋਂ ਇੱਥੇ ਹੋਇਆ, ਕਲ ਉੱਥੇ ਹੋਇਆ, ਅੱਜ ਇੱਥੇ ਹੋਇਆ! ਤਾਂ ਯੋਗ ਲੱਗੇਗਾ ਜਾਂ ਗਿਣਤੀ ਹੁੰਦੀ ਰਹੇਗੀ?

ਤਾਂ ਮੁਖ ਗੱਲ - ਜੋ ਅਸਲ ਨਿਸ਼ਚੇ ਹੈ ਉਸਨੂੰ ਪੱਕਾ ਕਰੋ। ਕਹਿਣ ਵਿੱਚ ਤਾਂ ਕਹਿ ਦਿੰਦੇ ਹੋ ਮੈਂ ਆਤਮਾ ਹਾਂ ਅਤੇ ਬਾਪ ਸਰਵਸ਼ਕਤੀਮਾਨ ਹੈ ਪਰ ਪ੍ਰੈਕਟੀਕਲ ਵਿੱਚ, ਕਰਮ ਵਿੱਚ ਆਉਣਾ ਚਾਹੀਦਾ ਹੈ। ਬਾਪ ਸਰਵਸ਼ਕਤੀਮਾਨ ਹੈ ਪਰ ਮੇਰੇ ਨੂੰ ਮਾਇਆ ਹਿਲਾ ਰਹੀ ਹੈ ਤਾਂ ਕੌਣ ਮੰਨੇਗਾ ਤੁਹਾਡਾ ਬਾਪ ਸਰਵਸ਼ਕਤੀਮਾਨ ਹੈ! ਕਿਉਂਕਿ ਉਸਦੇ ਉੱਪਰ ਤੇ ਕੋਈ ਹੈ ਹੀ ਨਹੀਂ। ਤਾਂ ਬਾਪਦਾਦਾ ਅੱਜ ਨਿਸ਼ਚੇ ਦੇ ਫਾਊਂਡੇਸ਼ਨ ਨੂੰ ਦੇਖ ਰਹੇ ਹਨ। ਭਾਵੇਂ ਨਵੇਂ ਹਨ, ਭਾਵੇਂ ਪੁਰਾਣੇ ਹਨ ਪਰ ਇਸ ਨਿਸ਼ਚੇ ਦੇ ਫਾਊਂਡੇਸ਼ਨ ਨੂੰ ਪ੍ਰੈਕਟੀਕਲ ਵਿੱਚ ਲਿਆਓ ਅਤੇ ਸਮੇਂ ਤੇ ਯੂਜ਼ ਕਰੋ। ਸਮੇਂ ਬੀਤ ਜਾਂਦਾ ਹੈ ਫਿਰ ਬਾਪ ਦੇ ਅੱਗੇ ਪਸ਼ਚਾਤਾਪ ਦੇ ਰੂਪ ਵਿੱਚ ਆਉਂਦੇ ਹੋ - ਕੀ ਕਰੀਏ, ਬਾਬਾ ਹੋ ਗਿਆ, ਤੁਸੀਂ ਤਾਂ ਰਹਿਮਦਿਲ ਹੋ, ਰਹਿਮ ਕਰ ਦਵੋ ….ਤਾਂ ਇਹ ਕੀ ਹੋਇਆ? ਇਹ ਵੀ ਰਾਇਲ ਪਸ਼ਚਾਤਾਪ ਹੈ। ਨਾਲ ਹੈ ਤਾਂ ਕਿਸੇ ਦੀ ਹਿੰਮਤ ਨਹੀਂ ਹੈ, ਨਿਸ਼ਚੇਬੁੱਧੀ ਦਾ ਅਰਥ ਹੀ ਹੈ ਵਿਜੇਈ। ਜੇਕਰ ਕੋਈ ਹਿਸਾਬ - ਕਿਤਾਬ ਆਉਂਦਾ ਵੀ ਹੈ ਤਾਂ ਮਨ ਨੂੰ ਨਹੀਂ ਹਿਲਾਓ। ਸਥਿਤੀ ਨੂੰ ਥੱਲੇ - ਉੱਪਰ ਨਹੀਂ ਕਰੋ। ਚੱਲੋ ਆਇਆ ਅਤੇ ਫਟ ਨਾਲ ਉਸਨੂੰ ਦੂਰ ਤੋਂ ਹੀ ਖ਼ਤਮ ਕਰ ਦਵੋ। ਹੁਣ ਯੋਧੇ ਨਹੀਂ ਬਣੋ। ਕਈ ਹਾਲੇ ਨਿਰੰਤਰ ਯੋਗੀ ਨਹੀਂ ਹਨ। ਕੁਝ ਸਮੇਂ ਯੋਗੀ ਹਨ ਅਤੇ ਕੁਝ ਸਮੇਂ ਯੁੱਧ ਕਰਨ ਵਾਲੇ ਯੋਧੇ ਹਨ। ਪਰ ਆਪਣੇ ਨੂੰ ਕਹਾਉਂਦੇ ਕੀ ਹੋ? ਯੋਧੇ ਕਿ ਯੋਗੀ? ਕਹਾਉਂਦੇ ਤਾਂ ਸਹਿਜਯੋਗੀ ਹੋ। ਤਾਂ ਨਵੇਂ ਜੋ ਵੀ ਆਏ ਹਨ ਉਹਨਾਂ ਨੂੰ ਬਾਪਦਾਦਾ ਫਿਰ ਤੋਂ ਭਾਗ ਦੀ ਪ੍ਰਾਪਤੀ ਕਰਨ ਦੀ ਮੁਬਾਰਕ ਦਿੰਦੇ ਹਨ। ਪਰ ਮੁਬਾਰਕ ਦੇ ਨਾਲ ਚੈਕ ਵੀ ਕਰਨਾ ਹੈ ਕਿ ਫਾਊਂਡੇਸ਼ਨ ਨੰਬਰਵਨ ਹੈ ਜਾਂ ਨੰਬਰ ਦੋ ਦਾ ਹੈ?

ਕਈ ਕਹਿੰਦੇ ਹਨ ਗਿਆਨ- ਯੋਗ ਬਹੁਤ ਵਧੀਆ ਲਗਦਾ ਹੈ, ਚੰਗਾ ਹੈ ਉਹ ਤਾਂ ਠੀਕ ਹੈ ਪਰ ਕਰਮ ਵਿੱਚ ਲਿਆਉਂਦੇ ਹੋ? ਗਿਆਨ ਮਾਨਾ ਆਤਮਾ, ਪਰਮਾਤਮਾ, ਡਰਾਮਾ….ਇਹ ਕਹਿਣਾ ਨਹੀਂ। ਗਿਆਨ ਦਾ ਅਰਥ ਹੈ ਸਮਝ। ਸਮਝਦਾਰ ਜਿਵੇਂ ਸਮਾਂ ਹੁੰਦਾ ਹੈ ਉਵੇਂ ਸਮਝਦਾਰੀ ਨਾਲ ਸਦਾ ਸਫਲ ਹੁੰਦਾ ਹੈ। ਕਦੀ ਵੀ ਦੇਖੋ ਜੀਵਨ ਵਿੱਚ ਦੁੱਖ ਆਉਂਦੇ ਹਨ ਤਾਂ ਕੀ ਸੋਚਦੇ ਹੋ? ਪਤਾ ਨਹੀਂ, ਮੈਨੂੰ ਇਹ ਕਿਉਂ ਨਹੀਂ ਸਮਝ ਵਿੱਚ ਆਇਆ - ਇਹ ਹੀ ਕਹਿਣਗੇ। ਤਾਂ ਸਮਝਦਾਰ ਹੋ? ਗਿਆਨੀ ਹੋ? ਬੋਲੋ ਹਾਂ ਜਾਂ ਨਾ? (ਹਾਂ ਜੀ) ਹਾਂ ਤਾਂ ਬਹੁਤ ਚੰਗੀ ਬੋਲਦੇ ਹਨ। ਸਮਝਦਾਰ ਦੀ ਨਿਸ਼ਾਨੀ ਹੈ ਕਦੀ ਧੋਖਾ ਨਹੀਂ ਖਾਣਾ - ਇਹ ਹੈ ਗਿਆਨੀ ਦੀ ਨਿਸ਼ਾਨੀ, ਅਤੇ ਯੋਗੀ ਦੀ ਨਿਸ਼ਾਨੀ ਹੈ - ਸਦਾ ਕਲੀਨ ਅਤੇ ਕਲੀਅਰ ਬੁੱਧੀ। ਕਲੀਨ ਵੀ ਹੋਵੇ ਅਤੇ ਕਲੀਅਰ ਵੀ ਹੋਵੇ। ਯੋਗੀ ਕਦੀ ਨਹੀਂ ਕਹੇਗਾ - ਪਤਾ ਨਹੀਂ, ਪਤਾ ਨਹੀਂ। ਉਹਨਾਂ ਦੀ ਬੁੱਧੀ ਸਦਾ ਹੀ ਕਲੀਅਰ ਹੈ। ਅਤੇ ਧਰਨਾ ਸਵਰੂਪ ਦੀ ਨਿਸ਼ਾਨੀ ਹੈ ਸਦਾ ਖੁਦ ਵੀ ਡਬਲ ਲਾਇਟ। ਕਿੰਨੀ ਵੀ ਜਿੰਮੇਵਾਰੀ ਹੋਵੇ ਪਰ ਧਾਰਨਾਮੂਰਤ, ਸਦਾ ਡਬਲ ਲਾਇਟ। ਭਾਵੇਂ ਮੇਲਾ ਹੋਵੇ, ਭਾਵੇਂ ਝਮੇਲਾ ਹੋਵੇ- ਦੋਵਾਂ ਵਿੱਚ ਡਬਲ ਲਾਇਟ। ਅਤੇ ਸੇਵਾਧਾਰੀ ਦੀ ਨਿਸ਼ਾਨੀ ਹੈ - ਸਦਾ ਨਿਮਿਤ ਅਤੇ ਨਿਰਮਾਣ ਭਾਵ। ਤਾਂ ਇਹ ਸਭ ਆਪਣੇ ਵਿੱਚ ਚੈਕ ਕਰੋ। ਕਹਿਣ ਵਿੱਚ ਤਾਂ ਸਭ ਕਹਿੰਦੇ ਹੋ ਨਾ ਕਿ ਚਾਰੋਂ ਹੀ ਸਬਜੈਕਟ ਦੇ ਗੋਡਲੀ ਸਟੂਡੈਂਟ ਹਾਂ। ਤਾਂ ਨਿਸ਼ਾਨੀ ਦਿਖਾਈ ਦੇਣੀ ਚਾਹੀਦੀ ਹੈ।

ਤਾਂ ਨਵੇਂ - ਨਵੇਂ ਕੀ ਕਰਨਗੇ? ਆਪਣੇ ਨਿਸ਼ਚੇ ਨੂੰ ਹੋਰ ਪੱਕਾ ਕਰਨਾ। ਨਹੀਂ ਤਾਂ ਫਿਰ ਕੀ ਹੁੰਦਾ ਹੈ ਦੋ ਸਾਲ ਚੱਲਣਗੇ। ਤਿੰਨ ਸਾਲ ਚੱਲਣਗੇ ਫਿਰ ਵਾਪਿਸ ਪੁਰਾਣੀ ਦੁਨੀਆਂ ਵਿੱਚ ਚਲੇ ਜਾਣਗੇ। ਅਤੇ ਫਿਰ ਜੋ ਵਾਪਿਸ ਜਾਂਦੇ ਹਨ ਉਹ ਉਸ ਦੁਨੀਆਂ ਵਿੱਚ ਵੀ ਸੈੱਟ ਨਹੀਂ ਹੋ ਸਕਦੇ ਹਨ। ਨਾ ਇਸ ਦੁਨੀਆਂ ਦੇ ਰਹਿੰਦੇ, ਨਾ ਉਸ ਦੁਨੀਆਂ ਦੇ ਇਸਲਈ ਆਪਣਾ ਫਾਊਂਡੇਸ਼ਨ ਬਹੁਤ ਪੱਕਾ ਕਰੋ। ਅਨੁਭਵ ਕਰੋ - ਸਰਵਸ਼ਕਤੀਮਾਨ ਬਾਪ ਨਾਲ ਹੈ, ਬਸ ਇੱਕ ਗੱਲ ਵੀ ਅਨੁਭਵ ਕੀਤਾ ਤਾਂ ਸਭ ਵਿੱਚੋਂ ਪਾਸ ਹੋ ਜਾਵੋਗੇ। ਦੇਖੋ ਅੱਜਕਲ ਪ੍ਰਾਇਮਮਿਨਿਸਟਰ ਹੈ, ਮਿਨਿਸਟਰ ਹਨ, ਉਹਨਾਂ ਦੇ ਸਾਥ ਦਾ ਨਸ਼ਾ ਵੀ ਰਹਿੰਦਾ ਹੈ ਨਾ। ਇਹ ਤਾਂ ਸਰਵਸ਼ਕਤੀਮਾਨ ਹੈ! ਅੱਛਾ!

ਅੱਛਾ ਚਾਰੋਂ ਪਾਸੇ ਦੇ ਸਦਾ ਸ਼੍ਰੇਸ਼ਠ ਭਾਗਵਾਨ ਭਾਗ ਵਿਧਾਤਾ ਨੂੰ ਅਪਣਾ ਬਣਾਉਣ ਵਾਲੀਆਂ ਅਜਿਹੀਆ ਸ਼੍ਰੇਸ਼ਠ ਆਤਮਾਵਾਂ ਨੂੰ, ਸਦਾ ਬਾਪਦਾਦਾ ਦੇ ਸ਼੍ਰੀਮਤ ਨੂੰ ਸੁਣਿਆ ਅਤੇ ਕੀਤਾ ਅਜਿਹੇ ਸਰਵ ਸਪੂਤ ਬੱਚਿਆਂ ਨੂੰ, ਸਦਾ ਸੇਵਾ ਵਿੱਚ ਅਚਲ ਰਹਿਣ ਵਾਲੇ ਝਮੇਲਾ ਮੁਕਤ ਅਤੇ ਪਰਮਾਤਮ ਮਿਲਣ ਮਨਾਉਣ ਵਾਲੇ ਸਭ ਬੱਚਿਆਂ ਨੂੰ ਬਪਦਾਦਾ ਦਾ ਯਾਦ - ਪਿਆਰ ਅਤੇ ਨਮਸਤੇ।

ਅੱਛਾ - ਡਬਲ ਵਿਦੇਸ਼ੀਆਂ ਨੂੰ ਡਬਲ ਨਸ਼ਾ ਹੈ ਨਾ? ਡਬਲ ਵਿਦੇਸ਼ੀ ਮਤਲਬ ਡਬਲ ਲਾਇਟ, ਡਬਲ ਨਸ਼ਾ ਅਤੇ ਡਬਲ ਬਾਪਦਾਦਾ ਅਤੇ ਪਰਿਵਾਰ ਦੇ ਪਿਆਰੇ। ਸਮਝਾ?

ਵਰਦਾਨ:- ਆਪਣੇਪਨ ਦੇ ਅਧਿਕਾਰ ਦੀ ਅਨੁਭੂਤੀ ਦਵਾਰਾ ਅਧੀਨਤਾ ਨੂੰ ਸਮਾਪਤ ਕਰਨ ਵਾਲੇ ਸਰਵ ਅਧਿਕਾਰੀ ਭਵ

ਬਾਪ ਨੂੰ ਆਪਣਾ ਬਣਾਉਣਾ ਮਤਲਬ ਆਪਣਾ ਅਧਿਕਾਰ ਅਨੁਭਵ ਹੋਣਾ। ਜਿੱਥੇ ਅਧਿਕਾਰ ਹੈ ਉੱਥੇ ਨਾ ਤੇ ਖੁਦ ਦੇ ਪ੍ਰਤੀ ਅਧੀਨਤਾ ਹੈ, ਨਾ ਸੰਬੰਧ -ਸੰਪਰਕ ਵਿੱਚ ਆਉਣ ਦੀ ਅਧੀਨਤਾ ਹੈ, ਨਾ ਪ੍ਰਕ੍ਰਿਤੀ ਅਤੇ ਪਰਿਸਥਿਤੀ ਵਿੱਚ ਆਉਣ ਦੀ ਅਧੀਨਤਾ ਹੈ। ਜਦੋਂ ਇਹਨਾਂ ਸਭ ਤਰ੍ਹਾਂ ਦੀ ਅਧੀਨਤਾ ਸਮਾਪਤ ਹੋ ਜਾਂਦੀ ਹੈ ਉਦੋਂ ਸਰਵ ਅਧਿਕਾਰੀ ਬਣ ਜਾਂਦੇ। ਜਿਨ੍ਹਾਂ ਨੇ ਵੀ ਬਾਪ ਨੂੰ ਜਾਣਿਆ ਅਤੇ ਜਾਣਕੇ ਆਪਣਾ ਬਣਾਇਆ ਉਹ ਹੀ ਮਹਾਨ ਹਨ ਅਤੇ ਅਧਿਕਾਰੀ ਹਨ।

ਸਲੋਗਨ:- ਆਪਣੇ ਸੰਸਕਾਰ ਅਤੇ ਗੁਣਾਂ ਨੂੰ ਸਰਵ ਦੇ ਨਾਲ ਮਿਲਾਕੇ ਚੱਲਣਾ - ਇਹ ਹੀ ਵਿਸ਼ੇਸ਼ ਆਤਮਾਵਾਂ ਦੀ ਵਿਸ਼ੇਸ਼ਤਾ ਹੈ।

******